ਡਾਇਰੈਕਟੋਰੇਟ ਆਫ਼ ਸਪੋਰਟਸ

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

(**1961** ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

ਨੰ. ਅੰਕ/ਕਕੰ/ਈ-ਮੇਲ/ਡਸ

ਮਿਤੀ 24-08-2017

ਪ੍ਰਿੰਸੀਪਲ ਸਾਹਿਬਾਨ ਜੀਓ
ਸਮੂਹ ਸਬੰਧਤ ਕਾਲਜ

ਵਿਸ਼ਾ:- ਅੰਤਰ ਕਾਲਜ ਕਰਾਸ-ਕੰਟਰੀ (ਪੁਰਸ਼ ਅਤੇ ਮਹਿਲਾ) ਮੁਕਾਬਲਿਆਂ ਸਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਪੰਜਾਬੀ ਯੂਨੀਵਰਸਿਟੀ ਸਪੋਰਟਸ ਕਮੇਟੀ ਦੀ ਪ੍ਰਵਾਨਗੀ ਦੀ ਆਸ ਵਿੱਚ ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ **ਕਰਾਸ-ਕੰਟਰੀ (ਪੁਰਸ਼ ਅਤੇ ਮਹਿਲਾ)** ਦੇ ਅੰਤਰ ਕਾਲਜ ਮੁਕਾਬਲੇ **ਮਿਤੀ 15-09-2017 ਨੂੰ ਬੀ.ਜੈਡ.ਐਸ.ਐਫ.ਐਸ.ਖਾਲਸਾ ਗਰਲਜ਼ ਕਾਲਜ, ਮੋਰਿੰਡਾ ਵਿਖੇ** ਹੇਠ ਲਿਖੇ ਅਨੁਸਾਰ ਕਰਵਾਏ ਜਾ ਰਹੇ ਹਨ।

| ਖੇਡ/ਈਵੈਂਟ | ਮਿਤੀ/ਸਮਾਂ | ਯੋਗਤਾ ਪ੍ਰੋਫਾਰਮਾ ਅਤੇ ਡਿਟੇਲ ਐਂਟਰੀ ਭੇਜਣ ਦੀ ਅੰਤਿਮ ਮਿਤੀ |
|---|---|---|
| **1) ਕਰਾਸ ਕੰਟਰੀ 12.5 ਕਿਲੋਮੀਟਰ (ਪੁਰਸ਼)** | **15-9-2017 ਨੂੰ ਸਵੇਰੇ 6:15 ਵਜੇ** | **08-09-2017** |
| **2) ਕਰਾਸ ਕੰਟਰੀ 5 ਕਿਲੋਮੀਟਰ (ਮਹਿਲਾ)** | **15-9-2017 ਨੂੰ ਸਵੇਰੇ 7:15 ਵਜੇ** | |

**ਅੰਤਰ ਕਾਲਜ ਕਰਾਸ ਕੰਟਰੀ ਮੁਕਾਬਲੇ (ਪੁਰਸ਼ ਅਤੇ ਮਹਿਲਾ) ਹੇਠ ਲਿਖੇ ਅਨੁਸਾਰ ਕਰਵਾਏ ਜਾਣਗੇ :-**

1) ਚੈਂਪੀਅਨਸ਼ਿੱਪ ਅੰਤਰ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਹੀ ਘੋਸ਼ਿਤ ਕੀਤੀ ਜਾਵੇਗੀ। ਘੱਟ ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੀ ਟੀਮ ਨੂੰ ਜੇਤੂ ਕਰਾਰ ਦਿੱਤਾ ਜਾਵੇਗਾ। ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਇੱਕ ਅੰਕ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਦੋ ਅੰਕ, ਤੀਜੇ ਸਥਾਨ ਵਾਲੇ ਨੂੰ ਤਿੰਨ ਅੰਕ ਅਤੇ ਇਸੇ ਤਰ੍ਹਾਂ ਬਾਕੀ ਸਥਾਨ ਪ੍ਰਾਪਤ ਕਰਨ ਵਾਲੇ ਅਥਲੀਟਾਂ ਨੂੰ ਉਹਨਾਂ ਦੇ ਸਥਾਨ ਮੁਤਾਬਿਕ ਬਣਦੇ ਅੰਕ ਦਿੱਤੇ ਜਾਣਗੇ।
2) ਇਕ ਕਾਲਜ **ਲੜਕਿਆਂ** ਦੀ ਟੀਮ ਦੇ ਘੱਟੋ ਘੱਟ 6 ਅਥਲੀਟ ਅਤੇ ਵੱਧ ਤੋਂ ਵੱਧ 9 ਅਥਲੀਟ ਭੇਜ ਸਕਦਾ ਹੈ। ਚੈਂਪੀਅਨਸ਼ਿੱਪ ਜਿੱਤਣ ਲਈ ਇੱਕ ਟੀਮ ਦੇ 6 ਲੜਕਿਆਂ ਨੂੰ ਦੌੜ ਪੂਰੀ ਕਰਨੀ ਲਾਜ਼ਮੀ ਹੈ ਨਹੀਂ ਤਾਂ ਓਹ ਟੀਮ ਚੈਂਪੀਅਨਸ਼ਿੱਪ ਵਿੱਚੋਂ ਬਾਹਰ ਹੋ ਜਾਵੇਗੀ। ਕਾਲਜ ਦੀ ਟੀਮ ਦੇ 9 ਅਥਲੀਟ ਦੌੜ ਵਿੱਚ ਭਾਗ ਲੈ ਸਕਦੇ ਹਨ ਲੇਕਿਨ ਇਹਨਾਂ ਵਿਚੋਂ ਦੌੜ ਪੂਰੀ ਕਰਨ ਵਾਲੇ ਪਹਿਲੇ 6 ਅਥਲੀਟਾਂ ਦੇ ਹੀ ਅੰਕ ਗਿਣੇ ਜਾਣਗੇ।
3) ਇਸੇ ਤਰ੍ਹਾਂ **ਲੜਕੀਆਂ** ਦੀ ਟੀਮ ਵਿਚ ਇਕ ਕਾਲਜ ਘੱਟੋ ਘੱਟ 4 ਲੜਕੀਆਂ ਅਤੇ ਵੱਧ ਤੋਂ ਵੱਧ 6 ਲੜਕੀਆਂ ਨੂੰ ਭੇਜ ਸਕਦਾ ਹੈ। ਟੀਮ ਚੈਂਪੀਅਨਸ਼ਿੱਪ ਜਿੱਤਣ ਲਈ 4 ਲੜਕੀਆਂ ਨੂੰ ਦੌੜ ਪੂਰੀ ਕਰਨੀ ਲਾਜ਼ਮੀ ਹੋਵੇਗੀ। ਇੱਕ ਕਾਲਜ ਦੀ ਟੀਮ ਦੀਆਂ 6 ਲੜਕੀਆਂ ਹੀ ਦੌੜ ਵਿਚ ਭਾਗ ਲੈ ਸਕਦੀਆਂ ਹਨ ਲੇਕਿਨ ਚੈਂਪੀਅਨਸ਼ਿੱਪ ਲਈ ਦੌੜ ਪੂਰੀ ਕਰਨ ਵਾਲੀਆਂ ਪਹਿਲੀਆਂ 4 ਲੜਕੀਆਂ ਦੇ ਅੰਕ ਹੀ ਗਿਣੇ ਜਾਣਗੇ।
4) ਜਿਨ੍ਹਾਂ ਕਾਲਜਾਂ ਦੇ ਲੜਕੇ ਜਾਂ ਲੜਕੀਆਂ ਦੀਆਂ ਟੀਮਾਂ ਪੂਰੀਆਂ ਨਹੀਂ ਬਣ ਸਕਦੀਆਂ, ਉਨ੍ਹਾਂ ਕਾਲਜਾਂ ਦੀਆਂ ਟੀਮਾਂ ਦੇ ਅਥਲੀਟ ਆਪੋ ਆਪਣੇ ਵਿਅਕਤੀਗਤ ਸਥਾਨ ਪ੍ਰਾਪਤ ਕਰਨ ਲਈ ਦੌੜ ਵਿੱਚ ਭਾਗ ਲੈ ਸਕਦੇ ਹਨ।
5) ਪਹਿਲੇ ਨੰਬਰ ਤੇ ਆਉਣ ਵਾਲੇ ਅਥਲੀਟ ਦੇ ਦੌੜ ਖਤਮ ਹੋਣ ਤੋਂ 15 ਮਿੰਟ ਦੇ ਅੰਦਰ ਜਿਹੜੇ ਵੀ ਅਥਲੀਟ ਦੌੜ ਖਤਮ ਕਰਦੇ ਹਨ, ਉਨ੍ਹਾਂ ਨੂੰ ਬਣਦੀਆਂ ਪੁਜੀਸ਼ਨਾਂ ਦਿੱਤੀਆਂ ਜਾਣਗੀਆਂ। ਉਪਰੋਕਤ ਨੂੰ ਧਿਆਨ ਵਿਚ ਰੱਖਦੇ ਹੋਏ ਅੰਤਰ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਿਕ ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ਲੜਕਿਆਂ ਵਿੱਚ 9-9 ਸਰਟੀਫਿਕੇਟ ਅਤੇ ਲੜਕੀਆਂ ਦੀਆਂ ਟੀਮਾਂ ਨੂੰ 6-6 ਸਰਟੀਫਿਕੇਟ ਦਿੱਤੇ ਜਾਣਗੇ।

6) **ਭਾਗ ਲੈਣ ਵਾਲੇ ਸਾਰੇ ਖਿਡਾਰੀਆਂ/ਖਿਡਾਰਣਾਂ ਕੋਲ ਸੈਸ਼ਨ 2017-18 ਦਾ ਕਾਲਜ ਵੱਲੋਂ ਜਾਰੀ ਕੀਤਾ ਸ਼ਨਾਖਤੀ ਕਾਰਡ ਹੋਣਾ ਲਾਜ਼ਮੀ ਹੈ।**

ਕਰਾਸ ਕੰਟਰੀ (ਪੁਰਸ਼ ਅਤੇ ਮਹਿਲਾ) ਮੁਕਾਬਲੇ ਅਤੇ ਚੋਣ ਪਰਖ ਵਿੱਚ ਭਾਗ ਲੈਣ ਵਾਲੇ **ਕਾਲਜਾਂ ਦੀਆਂ ਟੀਮਾਂ ਦੇ ਪ੍ਰਤੀਨਿਧ ਮਿਤੀ 14-09-2017 ਨੂੰ ਸ਼ਾਮ 3-00 ਵਜੇ ਇਸ ਪ੍ਰਤੀਯੋਗਤਾ ਦਾ ਰਾਹ ਵੇਖਣ ਅਤੇ ਚੈਸਟ ਨੰਬਰ ਲੈਣ ਲਈ ਡਾ. ਜਸਬੀਰ ਸਿੰਘ ਅਤੇ ਸ. ਧਰਮਿੰਦਰਪਾਲ ਸਿੰਘ, ਐਥਲੈਟਿਕਸ ਕੋਚਿਜ਼ ਨੂੰ ਬੀ.ਜੈਡ.ਐਸ.ਐਫ.ਐਸ.ਖਾਲਸਾ ਗਰਲਜ਼ ਕਾਲਜ, ਮੋਰਿੰਡਾ ਵਿਖੇ ਰਿਪੋਰਟ ਕਰਨਗੇ।** ਮਿਤੀ 15-09-2017 ਨੂ ਕਿਸੇ ਵੀ ਟੀਮ ਨੂੰ ਚੈਸਟ ਨੰਬਰ ਨਹੀਂ ਦਿੱਤਾ ਜਾਵੇਗਾ। **ਆਪ ਜੀ ਨੇ ਟੀਮਾਂ ਦੇ ਇੰਚਾਰਜ ਸਾਹਿਬਾਨ ਨੂੰ ਹਦਾਇਤ ਕਰਨੀ ਕਿ ਉਹ ਆਪਣੀਆਂ ਟੀਮਾਂ ਨੂੰ ਲੈ ਕੇ ਬੀ.ਜੈਡ.ਐਸ.ਐਫ.ਐਸ.ਖਾਲਸਾ ਗਰਲਜ਼ ਕਾਲਜ, ਮੋਰਿੰਡਾ ਵਿਖੇ ਮਿਤੀ 14-09-2017 ਨੂੰ ਸ਼ਾਮ 3.00 ਵਜੇ ਤੱਕ ਪਹੁੰਚ ਜਾਣ ਤਾਂ ਜੋ ਖਿਡਾਰੀਆਂ ਦੀ ਰਿਹਾਇਸ਼ ਦਾ ਉਚਿੱਤ ਪ੍ਰਬੰਧ ਕੀਤਾ ਜਾ ਸਕੇ।**

ਨੋਟ:-

- **ਸੰਬੰਧਿਤ ਕਾਲਜਾਂ ਵੱਲੋਂ ਖੇਡ ਮੁਕਾਬਲਿਆਂ/ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਨੱਥੀ ਅਨੁਸਾਰ-ਰਜਿਸਟ੍ਰੇਸ਼ਨ ਫਾਰਮ ਭਰ ਕੇ ਯੋਗਤਾ ਪ੍ਰੋਫਾਰਮੇ ਦੇ ਨਾਲ ਲਿਆਉਣਾ ਲਾਜ਼ਮੀ ਹੋਵੇਗਾ। ਫਾਰਮ ਤੇ ਖਿਡਾਰੀ ਅਤੇ ਸੰਬੰਧਿਤ ਪ੍ਰੋ./ਟੀਮ ਇੰਚਾਰਜ਼ ਦੇ ਹਸਤਾਖਰ ਹੋਣੇ ਜ਼ਰੂਰੀ ਹਨ। ਰਜਿਸਟ੍ਰੇਸ਼ਨ ਫਾਰਮ ਅਤੇ ਇਸ ਵਿੱਚ ਲਗਾਈ ਗਈ ਹਰੇਕ ਫੋਟੋ ਵੀ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਪਾਸੋਂ ਤਸਦੀਕ ਕਰਵਾ ਕੇ ਨਾਲ ਲਿਆਉਣੀ ਲਾਜ਼ਮੀ ਹੈ। ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰਫਾਰਮ ਤੋਂ ਬਿਨਾਂ ਟੀਮਾਂ ਨੂੰ ਅੰਤਰ ਕਾਲਜ ਮੁਕਾਬਲਿਆਂ ਵਿਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।**
- ਖੇਡ ਮੁਕਾਬਲਿਆਂ/ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਆਪਣੇ ਨਾਲ 10ਵੀਂ, 10+2 ਅਤੇ ਪਿਛਲੇ ਸਾਲ ਪਾਸ ਕੀਤੀ ਕਲਾਸ ਦੇ ਅਸਲ ਸਰਟੀਫਿਕੇਟ ਅਤੇ ਫੋਟੋਸਟੇਟ ਕਾਪੀਆਂ ਨਾਲ ਲਿਆਉਣੇ ਲਾਜ਼ਮੀ ਹਨ। ਅਸਲ ਸਰਟੀਫਿਕਟਾਂ ਅਤੇ ਤਸਦੀਕ ਕੀਤੀਆਂ ਫੋਟੋਸਟੇਟ ਕਾਪੀਆਂ ਤੋਂ ਬਿਨਾਂ ਟੀਮਾਂ/ਖਿਡਾਰੀਆਂ ਨੂੰ ਮੁਕਾਬਲਿਆਂ ਵਿਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।
- ਡਿਟੇਲ ਐਂਟਰੀ ਫਾਰਮ, ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫਾਰਮੇ ਵਿੱਚ ਭਰੇ ਹੋਏ ਨਾਂ ਇੱਕੋ ਹੀ ਹੋਣੇ ਚਾਹੀਦੇ ਹਨ।
- ਡਿਟੇਲ ਐਂਟਰੀ ਫਾਰਮ, ਰਜਿਸਟ੍ਰੇਸ਼ਨ ਫਾਰਮ ਤੋਂ ਬਿਨਾਂ ਯੋਗਤਾ ਪ੍ਰੋਫਾਰਮਾ ਸਵੀਕਾਰ ਨਹੀਂ ਕੀਤਾ ਜਾਵੇਗਾ।
- **ਮਿਤੀ 15-09-2017 ਨੂੰ ਸਾਰੀਆਂ ਟੀਮਾਂ ਦੇ ਲੜਕੇ ਸਵੇਰੇ 5:30 ਵਜੇ ਅਤੇ ਲੜਕੀਆਂ ਸਵੇਰੇ 6:45 ਵਜੇ ਦੌੜ ਲਈ ਨਿਸ਼ਚਿਤ ਸਥਾਨ ਤੇ ਰਪੋਰਟ ਕਰਨਗੀਆਂ।**
- ਡਿਟੇਲ ਐਂਟਰੀ ਫਾਰਮ, ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫਾਰਮੇ ਮਿਤੀ 08-09-2017 ਤੱਕ (ਪ੍ਰਿੰਸੀਪਲ ਦੇ ਹਸਤਾਖਰ ਕਰਵਾਕੇ, ਸਕੈਨ ਕਰਕੇ) ਈ.ਮੇਲ. pupsports11@gmail.com ਰਾਹੀਂ ਭੇਜੇ ਜਾਣ।
- ਉਪਰੋਕਤ ਤੋਂ ਇਲਾਵਾ ਖੇਡ ਕੈਲੰਡਰ ਵਿਚ ਦਰਸਾਈਆਂ ਹੋਰ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਿਟੇਲ ਐਂਟਰੀ, ਰਜਿਸਟ੍ਰੇਸ਼ਨ ਫਾਰਮ ਨਾਲ ਨੱਥੀ ਹੈ।**

**ਡਾਇਰੈਕਟਰ ਸਪੋਰਟਸ**

ਡਾਇਰੈਕਟੋਰੇਟ ਆਫ਼ ਸਪੋਰਟਸ

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)**

**ਕਰਾਸ-ਕੰਟਰੀ ਡਿਟੇਲ ਐਂਟਰੀ ਪ੍ਰੋਫਾਰਮਾ (ਪੁਰਸ਼)**

ਕਾਲਜ ਦਾ ਨਾਮ.......................................................................................................................

| ਕ੍ਰਮਾਂਕ ਨੰ. | ਵਿਦਿਆਰਥੀ/ਵਿਦਿਆਰਥਣ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ |
|---|---|---|---|
| 1) | | | |
| 2) | | | |
| 3) | | | |
| 4) | | | |
| 5) | | | |
| 6) | | | |
| 7) | | | |
| 8) | | | |
| 9) | | | |

**ਕਰਾਸ-ਕੰਟਰੀ ਡਿਟੇਲ ਐਂਟਰੀ ਪ੍ਰੋਫਾਰਮਾ (ਮਹਿਲਾ)**

| ਕ੍ਰਮਾਂਕ ਨੰ. | ਵਿਦਿਆਰਥੀ/ਵਿਦਿਆਰਥਣ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ |
|---|---|---|---|
| 1) | | | |
| 2) | | | |
| 3) | | | |
| 4) | | | |
| 5) | | | |
| 6) | | | |

- ਡਿਟੇਲ ਐਂਟਰੀਆਂ ਈ.ਮੇਲ. pupsports11@gmail.com ਰਾਹੀਂ ਭੇਜੀਆਂ ਜਾਣ।
- **ਯੋਗਤਾ ਪ੍ਰੋਫਾਰਮੇ ਅਤੇ ਡਿਟੇਲ ਐਂਟਰੀਆਂ ਪ੍ਰਾਪਤ ਕਰਨ ਦੀ ਅੰਤਿਮ ਮਿਤੀ 08-09-2017 ਹੈ।**
- ਡਿਟੇਲ ਐਂਟਰੀਆਂ ਵਿੱਚ ਕਿਸੇ ਪ੍ਰਕਾਰ ਦੀ ਤਬਦੀਲੀ ਸਬੰਧੀ, ਮੁਕਾਬਲੇ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਸੂਚਿਤ ਕੀਤਾ ਜਾਵੇ।

**ਨੋਟ: ਇਸ ਪ੍ਰੋਫਾਰਮੇ ਦੇ ਨਾਲ ਐਥਲੀਟਾਂ ਦਾ ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਫਾਰਮ** pupsports11@gmail.com **ਰਾਹੀਂ ਭੇਜਣਾ ਲਾਜ਼ਮੀ ਹੈ।**

ਹਸਤਾਖਰ (ਪ੍ਰਿੰਸੀਪਲ)